ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ
(ਦਫ: ਪ੍ਰਮੁੱਖ/ਇੰਜ. ਐਚ.ਆਰ.ਡੀ)
(ਸ਼ੋਰਡ ਭਾਗ)

ਵੱਲ

1. ਸਾਰੇ ਇੰਜੀ.ਇੰਨ ਚੀਫ/ਮੁੱਖ ਇੰਜੀਨੀਅਰਜ,ਪੰ:ਸ:ਪਾ:ਕਾ:ਲਿ:/ਪੰ:ਸ:ਟ:ਕਾ:ਲਿ: ।
2. ਸਾਰੇ ਮੁੱਖ ਲੇਖਾ ਅਫਸਰ,ਪੰ:ਸ:ਪਾ:ਕਾ:ਲਿ:ਪਟਿਆਲਾ ।
3. ਉਪ ਸਕੱਤਰ/ਸਿਕਾਇਤਾਂ ਤੇ ਭਲਾਈ, ਪੰ:ਸ:ਪਾ:ਕਾ:ਲਿ:ਪਟਿਆਲਾ
4. ਉਪ ਸਕੱਤਰ/ਸੇਵਾਵਾ-1,2,3, ਪੰ:ਸ:ਪਾ:ਕਾ:ਲਿ:ਪਟਿਆਲਾ
5. ਉਪ ਸਕੱਤਰ/ਪੀ ਤੇ ਆਰ, ਪੰ:ਸ:ਪਾ:ਕਾ:ਲਿ:ਪਟਿਆਲਾ
6. ਉਪ ਸਕੱਤਰ/ਭਰਤੀ, ਪੰ:ਸ:ਪਾ:ਕਾ:ਲਿ:ਪਟਿਆਲਾ
7. ਉਪ ਸਕੱਤਰ/ਅ:ਅ:-1, ਪੰ:ਸ:ਪਾ:ਕਾ:ਲਿ:ਪਟਿਆਲਾ
8. ਕਾਨੂੰਨੀ ਸਲਾਹਕਾਰ, ਪੰ:ਸ:ਪਾ:ਕਾ:ਲਿ:ਪਟਿਆਲਾ
9.ਅਧੀਨ ਸਕੱਤਰ/ਵੀ ਤੇ ਐਸ, ਪੰ:ਸ:ਪਾ:ਕਾ:ਲਿ:ਪਟਿਆਲਾ

ਮੀਮੋ ਨੰ: 15323/50 ਬੀਡੀ/ਜੀ-3086
ਮਿਤੀ 22-1-13

ਵਿਸ਼ਾ:- **Freedom Fighters of Kamagata Maru movement.**

..............

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਪੰਜਾਬ ਸਰਕਾਰ ਸੁਤੰਤਰਤਾ ਸੰਗਰਾਮੀ ਵਿਭਾਗ (ਸੁਤੰਤਰਤਾ ਸੰਗਰਾਮੀ ਸਾਖਾ) ਚੰਡੀਗੜ ਦਾ ਪੱਤਰ ਨੰ:12/53/2007-5 ਐਫ ਐਫ/53 ਮਿਤੀ 9.1.2013 ਸਮੇਤ ਸਹਿਲੱਗ ਨੂੰ ਪੰ:ਸ:ਪਾ:ਕਾ:ਲਿ:ਪਟਿਆਲਾ ਦੀ ਵੈਬ ਸਾਈਟ ਤੇ ਪਾਉਣ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ ।

ਨੱਥੀ/ਉਪਰੋਕਤ ਅਨੁਸਾਰ

22/1/13

ਅਧੀਨ ਸਕੱਤਰ/ਤਾਲਮੇਲ,
ਪੰ:ਸ:ਪਾ:ਕਾ:ਲਿ:ਪਟਿਆਲਾ ।

*ਸੀਸੀ:-* *ਉਪ ਮੁੱਖ ਇੰਜੀ./ਆਈ ਟੀ,ਪੰ:ਸ:ਪਾ:ਕਾ:ਲਿ:ਪਟਿਆਲਾ ਨੂੰ ਪ੍ਰਮੁੱਖ ਇੰਜੀਨੀਅਰ/ਐਚ ਆਰ ਡੀ,ਪੰ:ਸ:ਪਾ:ਕਾ:ਲਿ:ਪਟਿਆਲਾ ਦੀ ਵੈਬ ਸਾਈਟ ਤੇ ਪਾਉਣ ਹਿੱਤ ।*

**Government of Punjab**
**Freedom Fighter Department**
**(Freedom Fighter Branch)**

MH 15.1.13

## NOTIFICATION

Dated, Chandigarh: 09/01/2013

Diary No. 295 EICMRD
Date 19.1.13

**Subject: Freedom Fighters of Kamagata Maru movement.**

******

**No. 12/53/2007-5FF/51** Whereas the Government of Punjab is in the process of preparing a single, authentic and final list of freedom fighters of **Kamagata Maru movement**, as a sequel to the Government of India having declared **Kamagata Maru movement** as an integral part of India's freedom movement vide Ministry of Home Affairs, Government of India, No.8/1/2008-FF(P), 7th September 2009, which brings the descendants/legal heirs of the **Kamagata Maru movement** at par with other freedom fighters for grant of pensions under the Government of India Swatantrata Sainik Samman Pension Scheme, 1980, and the commensurate State Government pension scheme, alongwith other facilities, payable to the freedom fighters.

2. Whereas the Department of Freedom Fighters has established contact with the Indian Council of Historical Research New Delhi, Director General Archives New Delhi, Director Archives Punjab, Vice Chancellors of Punjab University Chandigarh, Punjab University Patiala and Guru Nanak Dev University Amritsar for sharing information regarding authentic certified documents to prepare a list of the martyrs which would require deep scrutiny and certification.

3. Whereas subsequent to the finalization the process of identification of freedom fighters in due course, the next step shall be an inter-departmental multi-pronged approach for identifying the descendants/legal heirs of freedom fighters of **Kamagata Maru movement**.

4. There are no authentic reports available in the Department of Freedom Fighters to indicate whether the descendants/ legal heirs of the freedom fighters of **Kamagata Maru movement** had been awarded any pension or any other facilities being offered in independent India as a token of the nations's gratitude to the freedom fighters and their families.

5. Whereas after completion of the process of identification of freedom fighters; and thereafter the identification of their descendants/legal heirs; a draft policy shall be prepared and submitted to Government of India, particularly in view of the fact that the terms and conditions of eligibility for pension and other facilities under existing policies may not cover the descendants/legal heirs of freedom fighters of **Kamagata Maru movement**, as many generations of their legal heirs/ descendants might have lived thereafter.

6. Now, therefore, the Governor of Punjab is pleased to constitute the following Committee for identification of freedom fighters of **Kamagata Maru movement**; identification of the descendants/legal heirs of the freedom fighters of **Kamagata Maru movement;** and, to draft a policy proposal for submission to the Ministry of Home Affairs, Government of India for suitably expressing the nation's gratitude to the families of the freedom fighters of **Kamagata Maru movement**:-

| | | |
|---|---|---|
| 1) | Chief Secretary to Government of Punjab | Chairman |
| 2) | Principal Secretary Freedom Fighters, Punjab | Member |
| 3) | Financial Commissioner Revenue, Punjab | Member |
| 4) | Principal Secretary Finance, Punjab | Member |
| 5) | Joint Secretary/Director, Freedom Fighters, Ministry of Home Affairs, Govt. of India | Member |
| 6) | Secretary/Special/Addl. Secretary, Freedom Fighters | Convener/ Member Secy. |
| | | Member |

9) Deputy Commissioner, Amritsar and Tarntaran Member

7. The Committee shall submit its recommendations within three months.

**Dated, Chandigarh**
**9th January, 2013**

**Sarvesh Kaushal**
**Principal Secretary Freedom Fighters, Punjab**

Endst. No. **12/53/2007-5FF/52** Dated, Chandigarh: 09/01/2013

A copy is forwarded to all the Members of this Committee for information and necessary action.

**Special Secretary Freedom Fighter**

Endst.No. **12/53/2007-5FF/53** Dated, Chandigarh: 09/01/2013

A copy is forwarded to all the Financial Commissioners, Principal Secretaries, Administrative Secretaries, Heads of all the Departments, Commissioners of the Divisions, Deputy Commissioners, Heads of the all Boards & Corporation and Sub Divisional Magistrates in the State of Punjab for information and necessary action.

**Superintendent**

Endst.No. **12/53/2007-5FF/54** Dated, Chandigarh: 09/01/2013

A copy is forwarded to Controller, Printing & Stationery, Punjab with the request to publish this notification in the Punjab Government Gazzette (Extra-ordinary) and to send 100 copies of the notification to this Department.

**Superintendent**

ਪੰਜਾਬ ਸਰਕਾਰ
ਸੁਤੰਤਰਤਾ ਸੰਗਰਾਮੀ ਵਿਭਾਗ
(ਸੁਤੰਤਰਤਾ ਸੰਗਰਾਮੀ ਸ਼ਾਖਾ)

## ਨੋਟੀਫਿਕੇਸ਼ਨ

ਮਿਤੀ, ਚੰਡੀਗੜ੍ਹ: 09/01/2013

ਵਿਸ਼ਾ: ਕਾਮਾਗਾਟਾ ਮਾਰੂ ਅੰਦੋਲਨ ਦੇ ਫਰੀਡਮ ਫਾਈਟਰ.

*****

ਨੰ:12/53/2007-5FF/51 ਜਦੋਂ ਕਿ ਭਾਰਤ ਸਰਕਾਰ ਵੱਲੋਂ ਗ੍ਰਹਿ ਮੰਤਰਾਲੇ ਦੇ ਮਿਤੀ 7 ਸਤੰਬਰ 2009 ਦੇ ਪੱਤਰ ਨੰ:8/1/2008-ਐਫ.ਐਫ.(ਪੀ.) ਰਾਹੀਂ ਕਾਮਾਗਾਟਾ ਮਾਰੂ ਅੰਦੋਲਨ ਨੂੰ ਭਾਰਤ ਦੇ ਸੁਤੰਤਰਤਾ ਸੰਗਰਾਮ ਦਾ ਅਹਿਮ ਹਿੱਸਾ ਕਰਾਰ ਦਿੱਤੇ ਜਾਣ ਉਪਰੰਤ ਪੰਜਾਬ ਸਰਕਾਰ ਨੇ ਵੀ ਕਾਮਾਗਾਟਾ ਮਾਰੂ ਅੰਦੋਲਨ ਦੇ ਫਰੀਡਮ ਫਾਈਟਰਾਂ ਦੀ ਇਕ ਪ੍ਰਮਾਣਿਕ ਤੇ ਅੰਤਿਮ ਸੂਚੀ ਤਿਆਰ ਕਰਨ ਦੀ ਪ੍ਰਕਿਆ ਸ਼ੁਰੂ ਕੀਤੀ ਹੈ, ਜਿਸ ਦੇ ਰਾਹੀਂ ਕਾਮਾਗਾਟਾ ਮਾਰੂ ਅੰਦੋਲਨ ਦੇ ਫਰੀਡਮ ਫਾਈਟਰਾਂ ਦੇ ਆਸ਼ਰਿਤ/ਕਾਨੂੰਨੀ ਵਾਰਸਾਂ ਨੂੰ ਭਾਰਤ ਸਰਕਾਰ ਦੀ ਸੁਤੰਤਰਤਾ ਸੰਗਰਾਮ ਪੈਨਸ਼ਨ ਸਕੀਮ ਅਤੇ ਢੁੱਕਵੀਂ ਰਾਜ ਸਰਕਾਰ ਦੀ ਪੈਨਸ਼ਨ ਸਕੀਮ ਦੇ ਤਹਿਤ ਪੈਨਸ਼ਨ ਅਤੇ ਇਸ ਦੇ ਨਾਲ-ਨਾਲ ਸੁਤੰਤਰਤਾ ਸੰਗਰਾਮੀਆਂ ਨੂੰ ਅਦਾ ਕਰਨ ਯੋਗ ਹੋਰ ਸੁਵਿਧਾਵਾਂ ਮੁਹੱਈਆ ਕਰਵਾਉਣ ਦੇ ਮੰਤਵ ਨਾਲ ਦੂਜੇ ਸੁਤੰਤਰਤਾ ਸੰਗਰਾਮੀਆਂ ਦੇ ਬਰਾਬਰ ਦਾ ਰੁੱਤਬਾ ਪ੍ਰਾਪਤ ਹੋ ਜਾਵੇ।

2. ਜਦੋਂ ਕਿ ਸੁਤੰਤਰਤਾ ਸੰਗਰਾਮੀ ਵਿਭਾਗ ਵੱਲੋਂ ਭਾਰਤੀ ਕੌਂਸਲ ਆਫ ਹਿਸਟੋਰੀਕਲ ਰਿਸਰਚ, ਡਾਇਰੈਕਟਰ ਜਨਰਲ ਆਰਕਾਈਵਜ ਨਵੀਂ ਦਿੱਲੀ, ਡਾਇਰੈਕਟਰ ਆਰਕਾਈਵਜ਼ ਪੰਜਾਬ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਵਾਈਸ ਚਾਂਸਲਰਜ ਨਾਲ ਵੀ ਰਾਬਤਾ ਕਾਇਮ ਕੀਤਾ ਹੈ ਤਾਂ ਕਿ ਪ੍ਰਮਾਣਿਤ ਤਸਦੀਕਸ਼ੁਦਾ ਦਸਤਾਵੇਜਾਂ ਬਾਰੇ ਜਾਣਕਾਰੀ ਦੀ ਡੂੰਘਾਈ ਨਾਲ ਘੋਖ ਅਤੇ ਤਸਦੀਕਤਾ ਨਾਲ ਫਰੀਡਮ ਫਾਈਟਰਾਂ ਦੀ ਇਕ ਸੂਚੀ ਤਿਆਰ ਕੀਤੀ ਜਾ ਸਕੇ।

3. ਜਦੋਂ ਕਿ ਆਉਣ ਵਾਲੇ ਸਮੇਂ ਵਿਚ ਫਰੀਡਮ ਫਾਈਟਰਾਂ ਦੀ ਸ਼ਹਾਦਤ ਦੀ ਪ੍ਰਕਿਆ ਪੂਰੀ ਹੋਣ ਉਪਰੰਤ ਅਗਲਾ ਕਦਮ ਕਾਮਾਗਾਟਾ ਮਾਰੂ ਅੰਦੋਲਨ ਦੇ ਫਰੀਡਮ ਫਾਈਟਰਾਂ ਦੇ ਆਸ਼ਰਿਤਾਂ/ਕਾਨੂੰਨੀ ਵਾਰਸਾਂ ਦੀ ਸ਼ਨਾਖਤ ਕਰਨ ਲਈ ਇਕ ਬਹੁਪੱਖੀ ਅੰਤਰ ਵਿਭਾਗੀ ਅਪ੍ਰੋਚ ਅਖਤਿਆਰ ਕਰਨਾ ਹੋਵੇਗਾ।

4. ਜਦੋਂ ਕਿ ਸੁਤੰਤਰਤਾ ਸੰਗਰਾਮੀ ਵਿਭਾਗ ਵਿਚ ਕੋਈ ਰਿਪੋਰਟ ਮੌਜੂਦ ਨਹੀਂ ਹੈ ਜਿਸ ਤੋਂ ਇਹ ਜਾਹਿਰ ਹੋਵੇ ਕਿ ਕਾਮਾਗਾਟਾ ਮਾਰੂ ਅੰਦੋਲਨ ਦੇ ਫਰੀਡਮ ਫਾਈਟਰਾਂ ਦੇ ਆਸ਼ਰਿਤਾਂ/ ਕਾਨੂੰਨੀ ਵਾਰਸਾਂ ਨੂੰ ਸੁਤੰਤਰਤਾ ਸੰਗਰਾਮੀਆਂ ਜਾਂ ਉਨ੍ਹਾਂ ਦੇ ਪਰਿਵਾਰਾਂ ਪ੍ਰਤੀ ਰਾਸ਼ਟਰ ਦੇ ਸਤਿਕਾਰ ਵਜੋਂ ਸੁਤੰਤਰ ਭਾਰਤ ਵਿਚ ਕੋਈ ਪੈਨਸ਼ਨ ਜਾਂ ਕਿਸੇ ਹੋਰ ਤਰ੍ਹਾਂ ਦੀ ਸੁਵਿਧਾ ਮੁਹੱਈਆ ਕਰਵਾਈ ਗਈ ਹੋਵੇ।

5. ਜਦੋਂ ਕਿ ਫਰੀਡਮ ਫਾਈਟਰਾਂ ਦੀ ਪ੍ਰਕਿਆ ਪੂਰੀ ਹੋਣ ਅਤੇ ਉਨ੍ਹਾਂ ਦੇ ਆਸ਼ਰਿਤਾਂ/ਕਾਨੂੰਨੀ ਵਾਰਸਾਂ ਦੀ ਸ਼ਨਾਖਤ ਹੋਣ ਉਪਰੰਤ ਇਕ ਡਰਾਫਟ ਪਾਲਿਸੀ ਤਿਆਰ ਕਰਕੇ ਖਾਸ ਤੌਰ ਤੇ ਇਸ ਮੰਤਵ ਨਾਲ ਭਾਰਤ ਸਰਕਾਰ ਨੂੰ ਭੇਜੀ ਜਾਵੇਗੀ ਕਿਉਂਕਿ ਮੌਜੂਦਾ ਪਾਲਿਸੀਆਂ ਦੇ ਤਹਿਤ ਪੈਨਸ਼ਨ ਅਤੇ ਹੋਰ ਸੁਵਿਧਾਵਾਂ ਪ੍ਰਾਪਤ ਕਰਨ ਲਈ ਯੋਗਤਾ ਦੀਆਂ ਸ਼ਰਤਾਂ ਤੇ ਬਾਨਾਂ ਦੇ ਅੰਤਰਗਤ ਕਾਮਾਗਾਟਾ ਮਾਰੂ ਅੰਦੋਲਨ ਦੇ ਫਰੀਡਮ ਫਾਈਟਰਾਂ ਦੇ ਆਸ਼ਰਿਤ/ਕਾਨੂੰਨੀ ਵਾਰਸਾਂ ਦੀਆਂ ਹੁਣ ਤੱਕ ਕਈ ਪੀੜ੍ਹੀਆਂ ਲੰਘ ਚੁੱਕੀਆਂ ਹਨ।

6. ਹੁਣ ਇਸ ਲਈ ਰਾਜਪਾਲ, ਪੰਜਾਬ ਨੂੰ ਕਾਮਾਗਾਟਾ ਮਾਰੂ ਅੰਦੋਲਨ ਦੇ ਫਰੀਡਮ ਫਾਈਟਰਾਂ, ਉਨ੍ਹਾਂ ਦੇ ਆਸ਼ਰਿਤਾਂ/ਕਾਨੂੰਨੀ ਵਾਰਸਾਂ ਦੀ ਸ਼ਨਾਖਤ ਲਈ , ਕਾਮਾਗਾਟਾ ਮਾਰੂ ਅੰਦੋਲਨ ਦੇ ਫਰੀਡਮ ਫਾਈਟਰਾਂ ਦੇ ਪਰਿਵਾਰਾਂ ਪ੍ਰਤੀ ਰਾਜ ਵੱਲੋਂ ਉਚਿਤ ਤਰੀਕੇ ਨਾਲ ਸ਼ੁਕਰਾਨਾ ਪ੍ਰਗਟ ਕਰਨ ਲਈ ਅਤੇ ਗ੍ਰਹਿ ਮਾਮਲੇ ਮੰਤਰਾਲੇ, ਭਾਰਤ ਸਰਕਾਰ ਨੂੰ ਇਕ ਪਾਲਿਸੀ ਤਜਵੀਜ ਦਾ ਮਸੌਦਾ ਪੇਸ਼ ਕਰਨ ਲਈ, ਨਿਮਨਲਿਖਤ ਕਮੇਟੀ ਕਾਇਮ ਕਰਦੇ ਸਮੇਂ ਪ੍ਰਸੰਨਤਾ ਮਹਿਸੂਸ ਹੁੰਦੀ ਹੈ:-

| | | |
|---|---|---|
| 1) | ਮੁੱਖ ਸਕੱਤਰ, ਪੰਜਾਬ ਸਰਕਾਰ | ਚੇਅਰਮੈਨ |
| 2) | ਪ੍ਰਮੁੱਖ ਸਕੱਤਰ ਸੁਤੰਤਰਤਾ ਸੰਗਰਾਮੀ, ਪੰਜਾਬ | ਮੈਂਬਰ |
| 3) | ਵਿੱਤੀ ਕਮਿਸ਼ਨਰ ਮਾਲ, ਪੰਜਾਬ | ਮੈਂਬਰ |
| 4) | ਪ੍ਰਮੁੱਖ ਸਕੱਤਰ ਵਿੱਤ, ਪੰਜਾਬ | ਮੈਂਬਰ |
| 5) | ਸੰਯੁਕਤ ਸਕੱਤਰ/ਡਾਇਰੈਕਟਰ, ਸੁਤੰਤਰਤਾ ਸੰਗਰਾਮੀ ਗ੍ਰਹਿ ਮਾਮਲੇ ਮੰਤਰਾਲੇ, ਭਾਰਤ ਸਰਕਾਰ | ਮੈਂਬਰ |
| 6) | ਸਕੱਤਰ/ਵਿਸ਼ੇਸ ਸਕੱਤਰ/ਵਧੀਕ ਸਕੱਤਰ ਸੁਤੰਤਰਤਾ ਸੰਗਰਾਮੀ | ਕਨਵੀਨਰ/ ਮੈਂਬਰ ਸਕੱਤਰ |
| 7) | ਡਾਇਰੈਕਟਰ ਆਰਕਾਈਵਜ਼, ਪੰਜਾਬ | ਮੈਂਬਰ |
| 8) | ਡਵੀਜਨਾਂ ਦੇ ਕਮਿਸ਼ਨਰਜ, ਪੰਜਾਬ | ਮੈਂਬਰ |
| 9) | ਡਿਪਟੀ ਕਮਿਸ਼ਨਰ, ਅੰਮ੍ਰਿਤਸਰ/ ਤਰਨਤਾਰਨ | ਮੈਂਬਰ |

7. ਇਹ ਕਮੇਟੀ ਤਿੰਨ ਮਹੀਨਿਆਂ ਦੇ ਅੰਦਰ-ਅੰਦਰ ਆਪਣੀਆਂ ਸਿਫਾਰਸ਼ਾਂ ਪੇਸ਼ ਕਰੇਗੀ।

**ਮਿਤੀ,ਚੰਡੀਗੜ੍ਹ:**
**09 ਜਨਵਰੀ, 2013**

**ਸਰਵੇਸ਼ ਕੌਸ਼ਲ**
**ਪ੍ਰਮੁੱਖ ਸਕੱਤਰ ਫਰੀਡਮ ਫਾਈਟਰ, ਪੰਜਾਬ**

ਪਿੱ:ਅੰ: ਨੰ:12/53/2007-5FF/52 ਮਿਤੀ,ਚੰਡੀਗੜ੍ਹ: 09/01/2013

ਉਪਰੋਕਤ ਦਾ ਇਕ ਉਤਾਰਾ ਕਮੇਟੀ ਦੇ ਸਾਰੇ ਮੈਂਬਰਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਵਿਸ਼ੇਸ਼ ਸਕੱਤਰ ਫਰੀਡਮ ਫਾਈਟਰ

ਪਿੱ:ਅੰ: ਨੰ:12/53/2007-5FF/53 ਮਿਤੀ,ਚੰਡੀਗੜ੍ਹ: 09/01/2013

ਉਪਰੋਕਤ ਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਾਵਾਈ ਲਈ ਭੇਜਿਆ ਜਾਂਦਾ ਹੈ:-

1) ਸਮੂਹ ਵਿੱਤੀ ਕਮਿਸ਼ਨਰ/ਪ੍ਰਮੁੱਖ ਸਕੱਤਰ/ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ;
2) ਪੰਜਾਬ ਦੇ ਸਮੂਹ ਵਿਭਾਗਾਂ ਦੇ ਮੁੱਖੀ;
3) ਪੰਜਾਬ ਰਾਜ ਦੀਆਂ ਸਮੂਹ ਡਵੀਜਨਾਂ ਦੇ ਕਮਿਸ਼ਨਰ;
4) ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸ਼ਨਰ;
5) ਪੰਜਾਬ ਰਾਜ ਦੇ ਸਮੂਹ ਬੋਰਡਾਂ/ਕਾਰਪੋਰੇਸ਼ਨਾਂ ਦੇ ਮੁੱਖੀ;
6) ਪੰਜਾਬ ਰਾਜ ਦੇ ਸਮੂਹ ਸਬ-ਡਵੀਜਨਲ ਮੈਜਿਸਟ੍ਰੇਟ (ਸਿਵਲ)।

ਸੁਪਰਡੈਂਟ

ਪਿੱ:ਅੰ: ਨੰ:12/53/2007-5FF/54 ਮਿਤੀ,ਚੰਡੀਗੜ੍ਹ: 09/01/2013

ਇਕ ਉਤਾਰਾ ਕੰਟਰੋਲਰ, ਛਪਾਈ ਤੇ ਲਿਖਣ ਸਮੱਗਰੀ ਵਿਭਾਗ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਨੋਟੀਫਿਕੇਸ਼ਨ ਨੂੰ ਪੰਜਾਬ ਸਰਕਾਰ ਦੇ ਗਜਟ (ਐਕਸਟਰਾ ਆਰਡਨਰੀ) ਵਿਚ ਪ੍ਰਕਾਸ਼ਤ ਕੀਤਾ ਜਾਵੇ ਅਤੇ ਇਸ ਦੀਆਂ 100 ਕਾਪੀਆਂ ਇਸ ਵਿਭਾਗ ਨੂੰ ਭੇਜੀਆਂ ਜਾਣ।

ਸੁਪਰਡੈਂਟ